28PAGE5.qxd 27/8/2025 10:41 PM Page 1

ਅਹਿਮਦਾਬਾਦ ਕਾਮਨਵੈਲਥ ਖੇਡਾਂ 2030 ਦੀ ਕਰੇਗਾ ਦਾਅਵੇਦਾਰੀ

ਕੈਬਨਿਟ ਨੇ ਦਿਤੀ ਮਨਜ਼ੂਰੀ, ਮੇਜ਼ਬਾਨੀ ਬਾਰੇ 30 ਨਵੰਬਰ ਨੂੰ ਹੋਵੇਗਾ ਫ਼ੈਸਲਾ



ਨਵੀਂ ਦਿੱਲੀ, 27 ਅਗੱਸਤ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਕੇਂਦਰੀ ਕੈਬਨਿਟ ਨੇ ਬੁਧਵਾਰ ਨੂੰ 2030 ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਲਈ ਭਾਰਤ ਦੀ ਦਾਅਵੇਦਾਰੀ ਨੂੰ ਮਨਜ਼ੂਰੀ ਦੇ ਦਿਤੀ ਅਤੇ ਅਹਿਮਦਾਬਾਦ ਨੂੰ ‘ਵਿਸ਼ਵ ਪੱਧਰੀ ਸਟੇਡੀਅਮ, ਅਤਿ ਆਧੁਨਿਕ ਸਿਖਲਾਈ ਸਹੂਲਤਾਂ ਅਤੇ ਖੇਡ ਸਭਿਆਚਾਰ ਕਾਰਨ ‘ਆਦਰਸ਼’ ਸਥਾਨ ਦਸਿਆ। ਇਹ ਫੈਸਲਾ ਭਾਰਤੀ ਓਲੰਪਿਕ ਸੰਘ (ਆਈ.ਓ.ਏ.) ਵਲੋਂ ਮਾਰਚ ’ਚ ‘ਦਿਲਚਸਪੀ ਪ੍ਰਗਟਾਵੇ’ ਪੇਸ਼ ਕਰਨ ਤੋਂ ਬਾਅਦ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਤੋਂ ਕੁੱਝ ਦਿਨ ਬਾਅਦ ਆਇਆ ਹੈ। ਇਕ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ, “ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ ਰਾਸ਼ਟਰਮੰਡਲ ਖੇਡਾਂ (ਸੀਡਬਲਯੂਜੀ) 2030 ਲਈ ਬੋਲੀ ਜਮ੍ਹਾਂ ਕਰਨ ਲਈ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿਤੀ ਹੈ।” ਇਸ ਅਨੁਸਾਰ, “ਕੈਬਨਿਟ ਨੇ ਮੇਜ਼ਬਾਨ ਸਹਿਯੋਗ ਸਮਝੌਤੇ (ਐਚ.ਸੀ.ਏ.) ਉਤੇ ਦਸਤਖਤ ਕਰਨ ਦੇ ਨਾਲ-ਨਾਲ ਸਬੰਧਤ ਮੰਤਰਾਲਿਆਂ, ਵਿਭਾਗਾਂ ਅਤੇ ਅਥਾਰਟੀਆਂ ਤੋਂ ਲੋੜੀਂਦੀਆਂ ਗਰੰਟੀਆਂ ਅਤੇ ਬੋਲੀ ਮਨਜ਼ੂਰ ਹੋਣ ਦੀ ਸੂਰਤ ਵਿਚ ਗੁਜਰਾਤ ਸਰਕਾਰ ਨੂੰ ਲੋੜੀਂਦੀ ਗ੍ਰਾਂਟ-ਇਨ-ਏਡ ਦੀ ਮਨਜ਼ੂਰੀ ਦੇਣ ਨੂੰ ਵੀ ਪ੍ਰਵਾਨਗੀ ਦੇ ਦਿਤੀ ਹੈ।” ਟੂਰਨਾਮੈਂਟ ਲਈ ਬੋਲੀ ਜਮ੍ਹਾਂ ਕਰਨ ਦੀ ਆਖਰੀ ਤਰੀਕ 31 ਅਗੱਸਤ ਹੈ ਅਤੇ ਆਈ.ਓ.ਏ. ਤੋਂ ਅਗਲੇ 48 ਘੰਟਿਆਂ ਵਿਚ ਰਸਮੀ ਕਾਰਵਾਈਆਂ ਪੂਰੀਆਂ ਕਰਨ ਦੀ ਉਮੀਦ ਹੈ। ਭਾਰਤ ਨੇ ਆਖਰੀ ਵਾਰ 2010 ਵਿਚ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਰਾਸ਼ਟਰਮੰਡਲ ਖੇਡਾਂ ਦੀ ਜਨਰਲ ਅਸੈਂਬਲੀ ਨਵੰਬਰ ਦੇ ਆਖਰੀ ਹਫ਼ਤੇ ਗਲਾਸਗੋ ਵਿਚ ਮੇਜ਼ਬਾਨ ਦੇਸ਼ ਦਾ ਫੈਸਲਾ ਕਰੇਗੀ। ਭਾਰਤ ਦੇ ਇਸ ਟੂਰਨਾਮੈਂਟ ਨੂੰ ਜਿੱਤਣ ਦੀਆਂ ਸੰਭਾਵਨਾਵਾਂ ਤੇਜ਼ ਹੋ ਗਈਆਂ ਹਨ ਕਿਉਂਕਿ ਕੈਨੇਡਾ ਬਜਟ ਦੀ ਕਮੀ ਦਾ ਹਵਾਲਾ ਦਿੰਦੇ ਹੋਏ ਦੌੜ ਤੋਂ ਪਿੱਛੇ ਹਟ ਗਿਆ ਹੈ। ਕੈਬਨਿਟ ਦੀ ਮੀਟਿੰਗ ਤੋਂ ਬਾਅਦ ਪੀ.ਆਈ.ਬੀ. ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਅਹਿਮਦਾਬਾਦ ਖੇਡਾਂ ਲਈ ਆਦਰਸ਼ ਮੇਜ਼ਬਾਨ ਸ਼ਹਿਰ ਹੋਵੇਗਾ। ਅਹਿਮਦਾਬਾਦ ਇਕ ਆਦਰਸ਼ ਮੇਜ਼ਬਾਨ ਸ਼ਹਿਰ ਹੈ ਜੋ ਵਿਸ਼ਵ ਪੱਧਰੀ ਸਟੇਡੀਅਮ, ਅਤਿ ਆਧੁਨਿਕ ਸਿਖਲਾਈ ਸਹੂਲਤਾਂ ਅਤੇ ਇਕ ਭਾਵੁਕ ਖੇਡ ਸਭਿਆਚਾਰ ਦੀ ਪੇਸ਼ਕਸ਼ ਕਰਦਾ ਹੈ। ਦੁਨੀਆਂ ਦੇ ਸੱਭ ਤੋਂ ਵੱਡੇ ਸਟੇਡੀਅਮ ਨਰਿੰਦਰ ਮੋਦੀ ਸਟੇਡੀਅਮ ਨੇ ਪਹਿਲਾਂ ਹੀ 2023 ਆਈ.ਸੀ.ਸੀ. ਕ੍ਰਿਕਟ ਵਿਸ਼ਵ ਕੱਪ ਫਾਈਨਲ ਦੀ ਸਫਲਤਾਪੂਰਵਕ ਮੇਜ਼ਬਾਨੀ ਕਰ ਕੇ ਅਪਣੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਹੈ। ਭਾਰਤ ਦਾ ਟੀਚਾ 2036 ਓਲੰਪਿਕ ਖੇਡਾਂ ਕਰਵਾਉਣਾ ਹੈ ਅਤੇ ਇਸ ਲਈ ਵੀ ਅਹਿਮਦਾਬਾਦ ਮੇਜ਼ਬਾਨ ਸ਼ਹਿਰ ਵਜੋਂ ਸੱਭ ਤੋਂ ਅੱਗੇ ਹੈ। ਸ਼ਹਿਰ ਦੇ ਖੇਡ ਬੁਨਿਆਦੀ ਢਾਂਚੇ ਨੂੰ ਉਸ ਇੱਛਾ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ। **(ਪੀਟੀਆਈ)**

ਭਾਰਤ ਲਈ ਸਿਰਦਰਦ ਬਣਿਆ ਅਮਰੀਕਾ ਨਾਲ ਮੋਦੀ ਦਾ ‘ਮੈਗਾ ਫ਼ਾਰਮੂਲਾ’ : ਜੈਰਾਮ ਰਮੇਸ਼

ਨਵੀਂ ਦਿੱਲੀ, 27 ਅਗੱਸਤ : ਅਮਰੀਕਾ ਵਲੋਂ ਭਾਰਤ ਉਤੇ ਲਗਾਏ ਗਏ ਵਾਧੂ ਟੈਰਿਫ ਲਾਗੂ ਹੋਣ ਤੋਂ ਬਾਅਦ ਸਰਕਾਰ ਉਤੇ ਨਿਸ਼ਾਨਾ ਵਿੰਨ੍ਹਦਿਆਂ ਕਾਂਗਰਸ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੀ ਸ਼ੁਰੂਆਤ ’ਚ ‘ਮਾਗਾ+ਮਿਗਾ=ਮੈਗਾ’ ਦੇ ਅਪਣੇ ਕਥਿਤ ਜੇਤੂ ਫਾਰਮੂਲੇ ਦੀ ਵਰਤੋਂ ਕੀਤੀ ਸੀ ਪਰ ਇਹ ‘ਮੋਦੀ ਦਾ ਬਣਾਇਆ ਮੈਗਾ’ ਹੁਣ ਭਾਰਤ ਲਈ ‘ਮਹਾ ਸਿਰਦਰਦ’ ਬਣ ਗਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਅਤੇ ਸੰਚਾਰ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਟਰੰਪ ਦਾ ਦੋਹਰਾ ਟੈਰਿਫ ਲਾਗੂ ਹੋ ਗਿਆ ਹੈ, ਜਿਸ ਨਾਲ ਬਿਨਾਂ ਸ਼ੱਕ ਅਮਰੀਕਾ ਨੂੰ ਭਾਰਤ ਦੇ ਮਜ਼ਦੂਰ-ਅਧਾਰਤ ਨਿਰਯਾਤ ਖਾਸ ਤੌਰ ਉਤੇ ਕਪੜਾ, ਰਤਨ ਅਤੇ ਗਹਿਣੇ, ਚਮੜਾ, ਸਮੁੰਦਰੀ ਉਤਪਾਦ ਅਤੇ ਇੰਜੀਨੀਅਰਿੰਗ ਪ੍ਰਭਾਵਤ ਹੋਣਗੇ। ਰਮੇਸ਼ ਨੇ ਕਿਹਾ ਕਿ ਪਿਛਲੇ 24 ਘੰਟਿਆਂ ’ਚ ਅਮਰੀਕੀ ਵਣਜ ਮੰਤਰੀ ਨੇ ਐਚ-1ਬੀ ਵੀਜ਼ਾ ਪ੍ਰਣਾਲੀ ਦੇ ਵਿਰੁਧ ਵੀ ਆਵਾਜ਼ ਉਠਾਈ ਹੈ, ਜਿਸ ਦਾ ਸੱਭ ਤੋਂ ਵੱਡਾ ਲਾਭ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਹੋਇਆ ਹੈ। ਜ਼ਿਕਰਯੋਗ ਹੈ ਕਿ ਫ਼ਰਵਰੀ ’ਚ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ‘ਮੇਕ ਅਮਰੀਕਾ ਗ੍ਰੇਟ ਅਗੇਨ’ (ਮਾਗਾ) ਦੇ ਮੰਤਵ ਤੋਂ ਪ੍ਰੇਰਿਤ ਹੋ ਕੇ ਨਵਾਂ ਸ਼ਬਦ ‘ਮੇਕ ਇੰਡੀਆ ਗ੍ਰੇਟ ਅਗੇਨ’ (ਐਮ.ਆਈ.ਜੀ.ਏ.) ਤਿਆਰ ਕੀਤਾ ਸੀ ਅਤੇ ਕਿਹਾ ਸੀ ਕਿ ਦੋਵੇਂ ਦ੍ਰਿਸ਼ਟੀਕੋਣ ਮਿਲ ਕੇ ‘ਖ਼ੁਸ਼ਹਾਲੀ ਲਈ ਮੈਗਾ ਪਾਰਟਨਰਸ਼ਿਪ’ ਬਣਾਉਂਦੇ ਹਨ ਅਤੇ ਦੁਵਲੀ ਭਾਈਵਾਲੀ ਨੂੰ ਨਵਾਂ ਪੈਮਾਨਾ ਦਿੰਦੇ ਹਨ। ਮੋਦੀ ਦੀ ਇਹ ਟਿਪਣੀ ਰਾਸ਼ਟਰਪਤੀ ਟਰੰਪ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਆਈ, ਜਿਨ੍ਹਾਂ ਨੇ ਦੁਵਲੀ ਭਾਈਵਾਲੀ ਨੂੰ ਵਧਾਉਣ ਲਈ ਇਕ ਨਵਾਂ ਰਸਤਾ ਤਿਆਰ ਕਰਨ ਉਤੇ ਧਿਆਨ ਕੇਂਦਰਿਤ ਕਰਨ ਲਈ ਵਾਸ਼ਿੰਗਟਨ ਵਿਚ ਉਨ੍ਹਾਂ ਦੀ ਮੇਜ਼ਬਾਨੀ ਕੀਤੀ। ਟਰੰਪ ਵਲੋਂ ਰੂਸੀ ਤੇਲ ਦੀ ਖਰੀਦ ਲਈ ਭਾਰਤ ਉਤੇ ਲਗਾਇਆ ਗਿਆ 25 ਫ਼ੀ ਸਦੀ ਵਾਧੂ ਟੈਰਿਫ ਬੁਧਵਾਰ ਤੋਂ ਲਾਗੂ ਹੋ ਗਿਆ ਹੈ, ਜਿਸ ਨਾਲ ਨਵੀਂ ਦਿੱਲੀ ਉਤੇ ਲਗਾਏ ਗਏ ਟੈਕਸਾਂ ਦੀ ਕੁਲ ਰਕਮ 50 ਫ਼ੀ ਸਦੀ ਹੋ ਗਈ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਸੋਮਵਾਰ ਨੂੰ ਪ੍ਰਕਾਸ਼ਿਤ ਇਕ ਡਰਾਫਟ ਹੁਕਮ ’ਚ ਕਿਹਾ ਕਿ ਵਧੇ ਹੋਏ ਟੈਕਸਾਂ ਨਾਲ 27 ਅਗੱਸਤ , 2025 ਨੂੰ ਪੂਰਬੀ ਦਿਨ ਦੇ ਸਮੇਂ ਰਾਤ 12.01 ਵਜੇ ਜਾਂ ਉਸ ਤੋਂ ਬਾਅਦ ਖਪਤ ਲਈ ਦਾਖਲ ਹੋਣ ਵਾਲੇ ਜਾਂ ਖਪਤ ਲਈ ਗੋਦਾਮ ਤੋਂ ਕੱਢੇ ਜਾਣ ਵਾਲੇ ਭਾਰਤੀ ਉਤਪਾਦਾਂ ਉਤੇ ਅਸਰ ਪਵੇਗਾ। **(ਪੀਟੀਆਈ)**

ਬਿਹਾਰ ਦੇ ਮੰਤਰੀ ਸ਼ਰਵਣ ਕੁਮਾਰ ਨੇ ਲੋਕਾਂ ਤੋਂ ਭੱਜ ਕੇ ਬਚਾਈ ਜਾਨ

ਪਟਨਾ, 27 ਅਗੱਸਤ : ਬਿਹਾਰ ਦੇ ਪੇਂਡੂ ਵਿਕਾਸ ਮੰਤਰੀ ਸ਼ਰਵਣ ਕੁਮਾਰ ਅਤੇ ਹਿਲਸਾ ਦੇ ਵਿਧਾਇਕ ਕ੍ਰਿਸ਼ਨਾ ਮੁਰਾਰੀ ਉਰਫ ਪ੍ਰੇਮ ਮੁਖੀਆ ਉਤੇ ਮਾਲਵਾਨ ਪਿੰਡ ਦੇ ਲੋਕਾਂ ਨੇ ਹਮਲਾ ਕਰ ਦਿਤਾ। ਹਮਲੇ ’ਚ ਇਕ ਸੁਰੱਖਿਆ ਕਰਮਚਾਰੀ ਜ਼ਖ਼ਮੀ ਹੋ ਗਿਆ ਅਤੇ ਉਸ ਨੂੰ ਹਿਲਸਾ ਸਬ-ਡਵੀਜ਼ਨਲ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਦਰਅਸਲ ਪਟਨਾ ਦੇ ਸ਼ਾਹਜਹਾਂਪੁਰ ਥਾਣਾ ਖੇਤਰ ਦੇ ਸਿਕਰੀਆਵਾਂ ਹਾਲਟ ਨੇੜੇ ਸਨਿਚਰਵਾਰ ਸਵੇਰੇ ਇਕ ਟਰੱਕ ਅਤੇ ਆਟੋ ਦੀ ਟੱਕਰ ਵਿਚ ਨੌਂ ਲੋਕਾਂ ਦੀ ਮੌਤ ਹੋ ਗਈ ਸੀ। ਸਾਰੇ ਮ੍ਰਿਤਕ ਮਲਾਵਾਂ ਪਿੰਡ ਦੇ ਰਹਿਣ ਵਾਲੇ ਸਨ। ਬੁਧਵਾਰ ਨੂੰ ਪੇਂਡੂ ਵਿਕਾਸ ਮੰਤਰੀ ਸ਼ਰਵਣ ਕੁਮਾਰ ਅਤੇ ਹਿਲਸਾ ਦੇ ਵਿਧਾਇਕ ਕ੍ਰਿਸ਼ਨਾ ਮੁਰਾਰੀ ਉਰਫ ਪ੍ਰੇਮ ਮੁਖੀਆ ਨੇ ਪੀੜਤ ਪਰਵਾਰਾਂ ਨਾਲ ਮੁਲਾਕਾਤ ਕਰਨ ਲਈ ਪਿੰਡ ਦਾ ਦੌਰਾ ਕੀਤਾ। ਦੋਵੇਂ ਨੇਤਾ ਮ੍ਰਿਤਕਾਂ ਦੇ ਪਰਵਾਰਾਂ ਨੂੰ ਮਿਲੇ ਅਤੇ ਵਾਪਸ ਪਰਤਣਾ ਸ਼ੁਰੂ ਕਰ ਦਿਤਾ। ਇਸ ਦੌਰਾਨ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਕੁੱਝ ਸਮੇਂ ਲਈ ਪਿੰਡ ’ਚ ਰਹਿਣ ਦੀ ਅਪੀਲ ਕੀਤੀ। ਪਰ ਮੰਤਰੀ ਨੇ ਕਿਹਾ ਕਿ ਉਹ ਸਾਰੇ ਪਰਵਾਰਾਂ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਅਗਲੇ ਪ੍ਰੋਗਰਾਮ ਵਿਚ ਸ਼ਾਮਲ ਹੋਣਾ ਸੀ। ਇਸ ਉਤੇ ਭੀੜ ਗੁੱਸੇ ਹੋ ਗਈ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਹਾਦਸੇ ਵਾਲੇ ਦਿਨ ਉਨ੍ਹਾਂ ਨੇ ਵਿਧਾਇਕ ਦੇ ਕਹਿਣ ਉਤੇ ਸੜਕ ਜਾਮ ਹਟਾ ਦਿਤੀ ਸੀ ਪਰ ਅੱਜ ਤਕ ਉਨ੍ਹਾਂ ਨੂੰ ਸਹੀ ਮੁਆਵਜ਼ਾ ਨਹੀਂ ਮਿਲਿਆ। ਗੁੱਸੇ ਵਿਚ ਆਏ ਲੋਕਾਂ ਨੇ ਅਚਾਨਕ ਡੰਡੇ ਕੱਢੇ ਅਤੇ ਮੰਤਰੀ ਅਤੇ ਵਿਧਾਇਕ ਉਤੇ ਹਮਲਾ ਕਰ ਦਿਤਾ। ਹਾਲਾਤ ਵਿਗੜਨ ਉਤੇ ਦੋਵੇਂ ਨੇਤਾ ਪਿੰਡ ਤੋਂ ਕਰੀਬ ਇਕ ਕਿਲੋਮੀਟਰ ਦੂਰ ਭੱਜ ਕੇ ਅਪਣੀ ਜਾਨ ਬਚਾਉਣ ’ਚ ਕਾਮਯਾਬ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਵੱਡੀ ਗਿਣਤੀ ’ਚ ਪੁਲਿਸ ਮੌਕੇ ਉਤੇ ਪਹੁੰਚ ਗਈ ਅਤੇ ਗੁੱਸੇ ’ਚ ਆਏ ਪਿੰਡ ਵਾਸੀਆਂ ਨੂੰ ਸ਼ਾਂਤ ਕਰਨਾ ਸ਼ੁਰੂ ਕਰ ਦਿਤਾ। ਸਥਾਨਕ ਪੁਲਿਸ ਨੇ ਮੌਕੇ ਉਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ। ਉਥੇ ਹੀ ਜ਼ਖ਼ਮੀ ਜਵਾਨ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ। ਪ੍ਰਸ਼ਾਸਨ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ ਅਤੇ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿਤੇ ਗਏ ਹਨ। ਜਨਤਾ ਦਲ (ਯੂ) ਦੇ ਬੁਲਾਰੇ ਧਨੰਜੇ ਦੇਵ ਨੇ ਕਿਹਾ ਕਿ ਸਥਾਨਕ ਲੋਕ ਵਿਧਾਇਕ ਦੀ ਕਾਰਜਸ਼ੈਲੀ ਤੋਂ ਨਾਖ਼ੁਸ਼ ਹਨ। ਇਹ ਹਮਲਾ ਵਿਧਾਇਕ ਉਤੇ ਕੀਤਾ ਗਿਆ ਹੈ। ਫਿਲਹਾਲ ਵੱਡੀ ਗਿਣਤੀ ’ਚ ਪੁਲਿਸ ਫੋਰਸ ਮੌਕੇ ਉਤੇ ਪਹੁੰਚ ਗਈ ਹੈ ਅਤੇ ਡੇਰਾ ਲਾ ਰਹੀ ਹੈ। **(ਏਜੰਸੀ)**

ਭਾਰਤੀ ਫ਼ੌਜ ਹਰ ਚੁਨੌਤੀ ਲਈ ਤਿਆਰ ਰਹੇ : ਰਾਜਨਾਥ ਸਿੰਘ

ਮਹੂ (ਮੱਧ ਪ੍ਰਦੇਸ਼), 27 ਅਗੱਸਤ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਬੁਧਵਾਰ ਨੂੰ ਕਿਹਾ ਕਿ ਭਾਰਤ ਦੇ ਹਥਿਆਰਬੰਦ ਬਲਾਂ ਨੂੰ ਭੂ-ਸਿਆਸੀ ਮਾਹੌਲ ਦੇ ਮੱਦੇਨਜ਼ਰ ਥੋੜ੍ਹੇ ਸਮੇਂ ਦੇ ਸੰਘਰਸ਼ਾਂ ਤੋਂ ਲੈ ਕੇ ਪੰਜ ਸਾਲ ਦੀ ਜੰਗ ਤਕ ਹਰ ਤਰ੍ਹਾਂ ਦੀਆਂ ਸੁਰੱਖਿਆ ਚੁਨੌਤੀਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਇੱਥੇ ‘ਰਣ ਸੰਵਾਦ’ ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਜਨਾਥ ਨੇ ਇਹ ਵੀ ਕਿਹਾ ਕਿ ਫ਼ੌਜੀਆਂ ਦੀ ਗਿਣਤੀ ਜਾਂ ਹਥਿਆਰਾਂ ਦੇ ਭੰਡਾਰ ਦਾ ਆਕਾਰ ਹੁਣ ਕਾਫ਼ੀ ਨਹੀਂ ਹੈ ਕਿਉਂਕਿ ਸਾਈਬਰ ਯੁੱਧ, ਆਰਟੀਫਿਸ਼ੀਅਲ ਇੰਟੈਲੀਜੈਂਸ, ਡਰੋਨ ਅਤੇ ਸੈਟੇਲਾਈਟ ਅਧਾਰਤ ਨਿਗਰਾਨੀ ਭਵਿੱਖ ਦੀਆਂ ਲੜਾਈਆਂ ਨੂੰ ਰੂਪ ਦੇ ਰਹੀ ਹੈ। ਕੌਮੀ ਸੁਰੱਖਿਆ ਚੁਨੌਤੀਆਂ ਦਾ ਜ਼ਿਕਰ ਕਰਦੇ ਹੋਏ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਕਿਸੇ ਦੀ ਜ਼ਮੀਨ ਨਹੀਂ ਚਾਹੁੰਦਾ ਪਰ ਉਹ ਅਪਣੀ ਖੇਤਰੀ ਅਖੰਡਤਾ ਦੀ ਰੱਖਿਆ ਲਈ ਕਿਸੇ ਵੀ ਹੱਦ ਤਕ ਜਾਣ ਲਈ ਤਿਆਰ ਹੈ। **(ਪੀਟੀਆਈ)**

ਇਲਾਹਾਬਾਦ ਹਾਈ ਕੋਰਟ ਨੇ ਮੁਲਜ਼ਮ ਦੀ ਜ਼ਮਾਨਤ ਪਟੀਸ਼ਨ 43 ਵਾਰ ਖਾਰਜ ਕੀਤੀ

ਨਵੀਂ ਦਿੱਲੀ, 27 ਅਗੱਸਤ : ਸੁਪਰੀਮ ਕੋਰਟ ਨੇ ਹਾਲ ਹੀ ਵਿਚ ਇਲਾਹਾਬਾਦ ਹਾਈ ਕੋਰਟ ਨੂੰ ਜ਼ਮਾਨਤ ਪਟੀਸ਼ਨ 43 ਵਾਰ ਮੁਲਤਵੀ ਕਰਨ ਲਈ ਫਟਕਾਰ ਲਗਾਈ ਹੈ। ਚੀਫ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਐਨ.ਵੀ. ਅੰਜਾਰੀਆ ਦੀ ਬੈਂਚ ਨੇ 25 ਅਗੱਸਤ ਨੂੰ ਜਾਰੀ ਹੁਕਮ ਵਿਚ ਕਿਹਾ ਕਿ ਮੁਲਜ਼ਮ ਪਹਿਲਾਂ ਹੀ ਸਾਢੇ ਤਿੰਨ ਸਾਲ ਤੋਂ ਵੱਧ ਦੀ ਹਿਰਾਸਤ ਵਿਚ ਬਿਤਾ ਚੁੱਕਾ ਹੈ ਅਤੇ ਵਿਅਕਤੀਗਤ ਆਜ਼ਾਦੀ ਦੇ ਮਾਮਲਿਆਂ ਵਿਚ ਇਸ ਤਰ੍ਹਾਂ ਦੀ ਵਾਰ-ਵਾਰ ਮੁਲਤਵੀ ਕਰਨ ਨੂੰ ਮਨਜ਼ੂਰ ਨਹੀਂ ਕੀਤਾ ਜਾ ਸਕਦਾ। **(ਏਜੰਸੀ)**

ਅਪਰਾਧਕ ਮਾਮਲੇ ਨੂੰ ਗ਼ੈਰਵਾਜਬ ਹੱਦ ਤਕ ਘੜੀਸਨਾ ਪ੍ਰੇਸ਼ਾਨੀ ਵਾਂਗ ਹੈ : ਸੁਪਰੀਮ ਕੋਰਟ

ਨਵੀਂ ਦਿੱਲੀ, 27 ਅਗੱਸਤ : ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕਿਸੇ ਅਪਰਾਧਕ ਮਾਮਲੇ ਨੂੰ ਗੈਰ-ਵਾਜਬ ਸਮੇਂ ਤਕ ਲੰਮਾ ਘੜੀਸਣਾ ਕਾਰਵਾਈ ਦਾ ਸਾਹਮਣਾ ਕਰ ਰਹੇ ਵਿਅਕਤੀ ਲਈ ਪ੍ਰੇਸ਼ਾਨੀ ਦੇ ਬਰਾਬਰ ਹੈ। ਜਸਟਿਸ ਐਨ.ਵੀ. ਅੰਜਾਰੀਆ ਅਤੇ ਜਸਟਿਸ ਏ.ਐਸ. ਚੰਦੂਰਕਰ ਦੀ ਬੈਂਚ ਨੇ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ 75 ਸਾਲ ਦੇ ਸਾਬਕਾ ਕੇਂਦਰੀ ਆਬਕਾਰੀ ਇੰਸਪੈਕਟਰ ਦੀ ਅਪੀਲ ਨੂੰ ਅੰਸ਼ਕ ਤੌਰ ਉਤੇ ਮਨਜ਼ੂਰ ਕਰਦੇ ਹੋਏ ਇਹ ਟਿਪਣੀ ਕੀਤੀ। ਅਦਾਲਤ ਨੇ ਉਸ ਦੀ ਸਜ਼ਾ ਨੂੰ ਘਟਾ ਕੇ ਪਹਿਲਾਂ ਹੀ ਕੱਟੀ ਗਈ 31 ਦਿਨਾਂ ਦੀ ਕੈਦ ਕਰ ਦਿਤਾ ਪਰ ਜੁਰਮਾਨੇ ਨੂੰ ਵਧਾ ਕੇ 25,000 ਰੁਪਏ ਕੀਤਾ। ਇਹ ਮਾਮਲਾ ਸਤੰਬਰ 2002 ਦਾ ਹੈ ਜਦੋਂ ਉਸ ਸਮੇਂ ਇੰਸਪੈਕਟਰ ਵਜੋਂ ਸੇਵਾ ਨਿਭਾ ਰਹੀ ਔਰਤ ਉਤੇ 300 ਰੁਪਏ ਦੀ ਗੈਰ-ਕਾਨੂੰਨੀ ਰਿਸ਼ਵਤ ਮੰਗਣ ਦਾ ਦੋਸ਼ ਲਗਾਇਆ ਗਿਆ ਸੀ। ਟਰਾਇਲ ਅਦਾਲਤ ਨੇ ਉਸ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ, 1988 ਤਹਿਤ ਦੋਸ਼ੀ ਠਹਿਰਾਇਆ ਅਤੇ ਇਕ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਮਦਰਾਸ ਹਾਈ ਕੋਰਟ ਨੇ ਅਗੱਸਤ 2010 ਵਿਚ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਅਦਾਲਤ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਮੌਜੂਦਾ ਨਿਆਂ ਪ੍ਰਣਾਲੀ ’ਚ ਦੇਰੀ ਨਾਲ ਕਾਰਵਾਈ ਨਤੀਜੇ ਦੀ ਉਡੀਕ ਕਰ ਰਹੇ ਦੋਸ਼ੀ ਵਿਅਕਤੀ ਲਈ ‘ਪਰੇਸ਼ਾਨੀ ਅਤੇ ਮਾਨਸਿਕ ਪਰੇਸ਼ਾਨੀ’ ਦਾ ਕਾਰਨ ਬਣਦੀ ਹੈ। **(ਏਜੰਸੀ)**

ਉਤਰ ਪ੍ਰਦੇਸ਼ ’ਚ ਕਰੋੜਪਤੀ ਕਾਰੋਬਾਰੀ ਜੋੜੇ ਨੇ ਪੁੱਤ ਸਮੇਤ ਕੀਤੀ ਖ਼ੁਦਕੁਸ਼ੀ



ਸ਼ਾਹਜਹਾਂਪੁਰ, 27 ਅਗੱਸਤ : ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਵਿਚ ਇਕ ਕਰੋੜਪਤੀ ਕਾਰੋਬਾਰੀ ਨੇ ਅਪਣੀ ਪਤਨੀ ਅਤੇ 4 ਸਾਲ ਦੇ ਪੁੱਤਰ ਸਮੇਤ ਖ਼ੁਦਕੁਸ਼ੀ ਕਰ ਲਈ। ਪਹਿਲਾਂ ਉਸ ਨੇ ਅਪਣੇ ਪੁੱਤਰ ਨੂੰ ਚੂਹੇ ਮਾਰਨ ਵਾਲੀ ਦਵਾਈ ਖਵਾਈ, ਫਿਰ ਪਤੀ-ਪਤਨੀ ਨੇ ਫਾਹਾ ਲੈ ਲਿਆ। ਕਿਹਾ ਜਾ ਰਿਹਾ ਹੈ ਕਿ ਪ੍ਰਵਾਰ ਕਾਰੋਬਾਰ ਵਿਚ ਹੋਏ ਨੁਕਸਾਨ ਕਾਰਨ ਪਰੇਸ਼ਾਨ ਸੀ। ਮ੍ਰਿਤਕਾਂ ਦੀ ਪਛਾਣ ਕਾਰੋਬਾਰੀ ਸਚਿਨ ਅਤੇ ਸ਼ਿਵਾਂਗੀ ਤੇ 4 ਸਾਲਾ ਪੁੱਤ ਫ਼ਤਿਹ ਵਜੋਂ ਹੋਈ ਹੈ। ਬੁਧਵਾਰ ਸਵੇਰੇ ਜਦੋਂ ਘਰ ਵਿਚ ਕੋਈ ਹਰਕਤ ਨਾ ਹੋਈ ਤਾਂ ਪਰਵਾਰ ਕ ਮੈਂਬਰਾਂ ਨੂੰ ਸ਼ੱਕ ਹੋਇਆ। ਜਦੋਂ ਉਨ੍ਹਾਂ ਨੇ ਖਿੜਕੀ ’ਚੋਂ ਵੇਖਿਆ ਤਾਂ ਦੋਹਾਂ ਦੀਆਂ ਲਾਸ਼ਾਂ ਫੰਦੇ ਨਾਲ ਲਟਕਦੀਆਂ ਦੇਖੀਆਂ। ਸੂਚਨਾ ਮਿਲਣ ਉਤੇ ਪੁਲਿਸ ਪਹੁੰਚੀ ਅਤੇ ਦਰਵਾਜ਼ਾ ਤੋੜ ਕੇ ਅੰਦਰ ਚਲੀ ਗਈ। ਪੁੱਤਰ ਬਿਸਤਰੇ ਉਤੇ ਬੇਹੋਸ਼ ਪਿਆ ਸੀ। ਪਤੀ-ਪਤਨੀ ਦੋ ਵੱਖ-ਵੱਖ ਕਮਰਿਆਂ ਵਿਚ ਲਟਕਦੇ ਮਿਲੇ। ਪਤਨੀ ਬੈੱਡਰੂਮ ਵਿਚ ਲਟਕਦੀ ਮਿਲੀ ਜਦਕਿ ਪਤੀ ਡਰਾਇੰਗ ਰੂਮ ਵਿਚ ਲਟਕਦਾ ਮਿਲਿਆ। ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ। ਉੱਥੇ ਡਾਕਟਰਾਂ ਨੇ ਤਿੰਨਾਂ ਨੂੰ ਮ੍ਰਿਤਕ ਐਲਾਨ ਦਿਤਾ। ਮਰਨ ਤੋਂ ਪਹਿਲਾਂ, ਕਾਰੋਬਾਰੀ ਦੀ ਪਤਨੀ ਨੇ ਅਪਣੀ ਮਾਂ ਨੂੰ ਵਟਸਐਪ ਉਤੇ 35 ਪੰਨਿਆਂ ਦਾ ਸੁਸਾਈਡ ਨੋਟ ਭੇਜਿਆ ਸੀ। ਇਸ ਵਿਚ ਲਿਖਿਆ ਸੀ - ਤੁਸੀਂ ਸਾਰੇ ਮੇਰੇ ਕਾਰਨ ਪਰੇਸ਼ਾਨ ਹੋ। ਹੁਣ ਤੁਸੀਂ ਸਾਰੇ ਆਰਾਮ ਕਰ ਸਕਦੇ ਹੋ। ਕਾਰੋਬਾਰੀ ਦਾ 8 ਸਾਲ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ। ਇਹ ਘਟਨਾ ਰੋਜ਼ਾ ਥਾਣਾ ਖੇਤਰ ਦੀ ਦੁਰਗਾ ਐਨਕਲੇਵ ਕਲੋਨੀ ਵਿਚ ਵਾਪਰੀ। ਪੁਲਿਸ ਦਾ ਕਹਿਣਾ ਹੈ- ਸ਼ੁਰੂਆਤੀ ਜਾਂਚ ਵਿਚ ਮਾਮਲਾ ਖ਼ੁਦਕੁਸ਼ੀ ਵਰਗਾ ਜਾਪਦਾ ਸੀ, ਪਰ ਕਾਰੋਬਾਰੀ ਦੀ ਲਾਸ਼ ਜ਼ਮੀਨ ਨੂੰ ਛੂਹ ਰਹੀ ਸੀ। ਅਜਿਹੀ ਸਥਿਤੀ ’ਚ, ਕਤਲ ਦੇ ਐਂਗਲ ਉਤੇ ਵੀ ਜਾਂਚ ਕੀਤੀ ਜਾ ਰਹੀ ਹੈ। ਪਰਵਾਰਕ ਮੈਂਬਰਾਂ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਡਾਕਟਰਾਂ ਅਨੁਸਾਰ ਬੱਚੇ ਨੂੰ ਜ਼ਹਿਰ ਯਾਨੀ ਚੂਹੇ ਮਾਰਨ ਵਾਲੀ ਦਵਾਈ ਦਿਤੀ ਗਈ। ਪਤਨੀ ਦਾ ਮੋਬਾਈਲ ਜ਼ਬਤ ਕਰ ਲਿਆ ਗਿਆ ਹੈ। **(ਪੀਟੀਆਈ)**

ਅਤਿਵਾਦੀਆਂ ਦੇ ਸਰਗਣਿਆਂ ਨੂੰ ਭਾਰਤ ਨੇ ਭੇਜਿਆ ਸਪੱਸ਼ਟ ਸੰਦੇਸ਼ : ਅਮਿਤ ਸ਼ਾਹ

ਨਵੀਂ ਦਿੱਲੀ, 27 ਅਗੱਸਤ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁਧਵਾਰ ਨੂੰ ਕਿਹਾ ਕਿ ਆਪਰੇਸ਼ਨ ਸੰਧੂਰ ਅਤੇ ਆਪਰੇਸ਼ਨ ਮਹਾਦੇਵ ਨੇ ਅਤਿਵਾਦ ਦੇ ਸਰਗਣਿਆਂ ਨੂੰ ਭਾਰਤੀ ਨਾਗਰਿਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਦੇ ਨਤੀਜਿਆਂ ਬਾਰੇ ਸਪੱਸ਼ਟ ਸੰਦੇਸ਼ ਦਿਤਾ ਹੈ। ਸ਼ਾਹ ਨੇ ਇਹ ਵੀ ਕਿਹਾ ਕਿ ਆਪਰੇਸ਼ਨ ਸੰਧੂਰ ਨੇ ਜਿੱਥੇ ਲੋਕਾਂ ਵਿਚ ਸੰਤੁਸ਼ਟੀ ਲਿਆਂਦੀ, ਉੱਥੇ ਹੀ ਆਪਰੇਸ਼ਨ ਮਹਾਦੇਵ ਨੇ ਉਸ ਸੰਤੁਸ਼ਟੀ ਨੂੰ ਵਿਸ਼ਵਾਸ ਵਿਚ ਬਦਲ ਦਿਤਾ। ਸ਼ਾਹ ਨੇ ਇਹ ਗੱਲ ਭਾਰਤੀ ਫੌਜ, ਜੰਮੂ-ਕਸ਼ਮੀਰ ਪੁਲਿਸ ਅਤੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਸਨਮਾਨਿਤ ਕਰਦੇ ਹੋਏ ਕਹੀ, ਜਿਨ੍ਹਾਂ ਨੇ ਆਪਰੇਸ਼ਨ ਮਹਾਦੇਵ ਨੂੰ ਸਫਲਤਾਪੂਰਵਕ ਅੰਜਾਮ ਦਿਤਾ ਅਤੇ ਪਹਿਲਗਾਮ ਹਮਲੇ ਵਿਚ ਸ਼ਾਮਲ ਅਤਿਵਾਦੀਆਂ ਨੂੰ ਮਾਰ ਸੁੱਟਿਆ। ਹਥਿਆਰਬੰਦ ਬਲਾਂ ਨੇ 22 ਅਪ੍ਰੈਲ ਨੂੰ ਪਹਿਲਗਾਮ ਹਮਲੇ ਦੇ ਜਵਾਬ ਵਿਚ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਅਤਿਵਾਦੀਆਂ ਦੇ ਟਿਕਾਣਿਆਂ ਅਤੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਮਈ ਵਿਚ ਆਪਰੇਸ਼ਨ ਸੰਧੂਰ ਚਲਾਇਆ ਸੀ। **(ਪੀਟੀਆਈ)**

ਕੈਂਸਰ ਜਾਂਚ ਵਿਚ ਦੇਰੀ ਬਣ ਰਹੀ ਮੌਤਾਂ ਦਾ ਕਾਰਨ

ਨਵੀਂ ਦਿੱਲੀ, 27 ਅਗੱਸਤ : ਕੈਂਸਰ ਹੁਣ ਭਾਰਤ ਵਿੱਚ ਸਭ ਤੋਂ ਵੱਡੀਆਂ ਜਨਤਕ ਸਿਹਤ ਚੁਣੌਤੀਆਂ ਵਿੱਚੋਂ ਇੱਕ ਹੈ। 2022 ’ਚ ਦੇਸ਼ ਭਰ ਵਿੱਚ ਅੰਦਾਜ਼ਨ 14.6 ਲੱਖ ਨਵੇਂ ਕੈਂਸਰ ਦੇ ਮਾਮਲੇ ਸਾਹਮਣੇ ਆਏ ਸਨ ਜਦਕਿ ਇਨ੍ਹਾਂ ’ਚੋਂ ਲਗਭਗ 8.10 ਲੱਖ ਮਰੀਜ਼ਾਂ ਦੀ ਮੌਤ ਹੋ ਗਈ ਸੀ। ਇਹ ਜਾਣਕਾਰੀ ਨਵੀਂ ਦਿੱਲੀ ਸਥਿਤ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਅਤੇ ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਦੇ ਇੱਕ ਸਾਂਝੇ ਅਧਿਐਨ ਵਿੱਚ ਸਾਹਮਣੇ ਆਈ ਹੈ। ਇਸ ਅਧਿਅਨ ਅਨੁਸਾਰ ਭਾਰਤ ’ਚ ਕੈਂਸਰ ਦੀ ਸੂਬਾ ਵਾਈਜ਼ ਤਸਵੀਰ ਕਾਫ਼ੀ ਅਲੱਗ ਹੈ। ਇਕ ਪਾਸੇ ਉੱਤਰ-ਪੂਰਬੀ ਰਾਜਾਂ ਵਿੱਚ ਸਭ ਤੋਂ ਵੱਧ ਕੈਂਸਰ ਦੇ ਮਾਮਲੇ ਪਾਏ ਜਾ ਰਹੇ ਹਨ। ਉਥੇ ਹੀ ਦੂਜੇ ਪਾਸੇ ਦੱਖਣੀ ਭਾਰਤ ’ਚ ਵੀ ਹਰ ਸਾਲ ਕੈਂਸਰ ਦੇ ਮਾਮਲੇ ਵਧ ਰਹੇ ਹਨ। ਉੱਤਰੀ ਭਾਰਤ ਵਿੱਚ ਕੈਂਸਰ ਦਾ ਪਤਾ ਦੇਰ ਨਾਲ ਲੱਗ ਰਿਹਾ ਹੈ, ਜਿਸ ਕਾਰਨ ਕੈਂਸਰ ਦੇ ਮਰੀਜ਼ਾਂ ਦੀ ਮੌਤ ਦਾ ਖ਼ਤਰਾ ਵੀ ਦੂਜੇ ਰਾਜਾਂ ਨਾਲੋਂ ਕਈ ਗੁਣਾ ਜ਼ਿਆਦਾ ਪਾਇਆ ਗਿਆ। ਇਹ ਨਾ ਸਿਰਫ਼ ਰਾਸ਼ਟਰੀ ਪੱਧਰ ’ਤੇ ਸਗੋਂ ਰਾਜਾਂ ਵਿਚਕਾਰ ਵੀ ਕੈਂਸਰ ਦੇ ਬੋਝ ਵਿੱਚ ਵੱਡੀ ਅਸਮਾਨਤਾ ਹੈ। ਅਧਿਐਨ ਅਨੁਸਾਰ ਅੰਦਾਜ਼ਾ ਹੈ ਕਿ ਸਾਲ 2030 ਤੱਕ ਕੈਂਸਰ ਦੇ ਨਵੇਂ ਮਾਮਲਿਆਂ ਦੀ ਗਿਣਤੀ ਵਧ ਕੇ 15.7 ਲੱਖ ਤੱਕ ਪਹੁੰਚ ਸਕਦੀ ਹੈ। **(ਪੀਟੀਆਈ)**

ਐਨ.ਸੀ.ਐਲ.ਏ.ਟੀ. ਨਿਆਂਇਕ ਮੈਂਬਰ ਦੇ ਦਾਅਵੇ ਮਗਰੋਂ ਸੁਪਰੀਮ ਕੋਰਟ ਨੇ ਜਾਂਚ ਦੇ ਹੁਕਮ ਦਿਤੇ

ਨਵੀਂ ਦਿੱਲੀ, 27 ਅਗੱਸਤ : ਸੁਪਰੀਮ ਕੋਰਟ ਨੇ ਰਾਸ਼ਟਰੀ ਕੰਪਨੀ ਕਾਨੂੰਨ ਅਪੀਲ ਟ੍ਰਿਬਿਊਨਲ (ਐਨ.ਸੀ.ਐਲ.ਏ.ਟੀ.) ਦੇ ਇਕ ਨਿਆਂਇਕ ਮੈਂਬਰ ਦੇ ਦਾਅਵਿਆਂ ਦੀ ਜਾਂਚ ਦੇ ਹੁਕਮ ਦਿਤੇ ਹਨ ਕਿ ਉੱਚ ਨਿਆਂਪਾਲਿਕਾ ਦੇ ਸੱਭ ਤੋਂ ਸਤਿਕਾਰਯੋਗ ਮੈਂਬਰਾਂ ਵਿਚੋਂ ਇਕ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਇਸ ਘਟਨਾਕ੍ਰਮ ਨਾਲ ਜੁੜੇ ਸੂਤਰਾਂ ਨੇ ਦਸਿਆ ਕਿ ਜਾਂਚ ਸੁਪਰੀਮ ਕੋਰਟ ਦੇ ਸਕੱਤਰ ਜਨਰਲ ਕਰਨਗੇ ਅਤੇ ਨਤੀਜੇ ਦੇ ਆਧਾਰ ਉਤੇ ਸੁਪਰੀਮ ਕੋਰਟ ਭਵਿੱਖ ਦੀ ਕਾਰਵਾਈ ਦਾ ਫੈਸਲਾ ਕਰੇਗੀ। ਚੇਨਈ ਸਥਿਤ ਐਨ.ਸੀ.ਐਲ.ਏ.ਟੀ. ਦੇ ਨਿਆਂਇਕ ਮੈਂਬਰ ਜਸਟਿਸ ਸ਼ਰਦ ਕੁਮਾਰ ਸ਼ਰਮਾ ਨੇ ਦੋਸ਼ ਲਾਇਆ ਕਿ ਉੱਚ ਨਿਆਂਪਾਲਿਕਾ ਦੇ ਇਕ ਮੈਂਬਰ ਨੇ ਉਨ੍ਹਾਂ ਦੇ ਸਾਹਮਣੇ ਵਿਚਾਰ ਅਧੀਨ ਇਕ ਮਾਮਲੇ ਵਿਚ ਅਨੁਕੂਲ ਹੁਕਮ ਲਈ ਉਨ੍ਹਾਂ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਇਸ ਮਾਮਲੇ ਦੀ ਸੁਣਵਾਈ ਤੋਂ ਖ਼ੁਦ ਨੂੰ ਵੱਖ ਕਰ ਲਿਆ ਅਤੇ 13 ਅਗੱਸਤ ਨੂੰ ਪਾਸ ਕੀਤੇ ਦੋ ਪੈਰਿਆਂ ਦੇ ਹੁਕਮ ਵਿਚ ਘਟਨਾ ਨੂੰ ਰੀਕਾਰਡ ਵੀ ਕੀਤਾ। ਬੈਂਚ ਨੇ ਕਿਹਾ, “ਸਾਨੂੰ ਇਹ ਵੇਖ ਕੇ ਦੁੱਖ ਹੋ ਰਿਹਾ ਹੈ ਕਿ ਸਾਡੇ ਵਿਚੋਂ ਇਕ ਮੈਂਬਰ (ਜੁਡੀਸ਼ੀਅਲ) ਨੂੰ ਇਸ ਦੇਸ਼ ਦੀ ਉੱਚ ਨਿਆਂਪਾਲਿਕਾ ਦੇ ਸੱਭ ਤੋਂ ਸਤਿਕਾਰਯੋਗ ਮੈਂਬਰਾਂ ਵਿਚੋਂ ਇਕ ਨੇ ਇਕ ਵਿਸ਼ੇਸ਼ ਪਾਰਟੀ ਦੇ ਹੱਕ ਵਿਚ ਹੁਕਮ ਮੰਗਣ ਲਈ ਸੰਪਰਕ ਕੀਤਾ ਹੈ। ਇਸ ਲਈ ਮੈਂ ਇਸ ਮਾਮਲੇ ਦੀ ਸੁਣਵਾਈ ਤੋਂ ਪਿੱਛੇ ਹਟਦਾ ਹਾਂ।” **(ਪੀਟੀਆਈ)**

ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਿਟਿਡ

11ਵੀਂ ਮੰਜ਼ਿਲ, ਉੱਤਰੀ ਪਾਸੇ, ਆਰ-ਟੈਕ ਪਾਰਕ, ਵੈਸਟਰਨ ਐਕਸਪ੍ਰੈਸ ਹਾਈਵੇ, ਗੋਰੇਗਾਓਂ (ਪੂਰਬ), ਮੁੰਬਈ-400063

ਜਿਵੇਂ ਕਿ ਨਿਮਨ ਹਸਤਾਖਰੀ ਨੇ ਰਿਲਾਇੰਸ ਐਸੇਟ ਰੀਕੰਸਟਰਕਸ਼ਨ ਕੰਪਨੀ ਲਿਮਿਟਿਡ ਦਾ ਅਧਿਕਾਰਤ ਅਫ਼ਸਰ ਹੋਣ ਦੇ ਨਾਤੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ, 2002, ਅਤੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਡਿਮਾਂਡ ਨੋਟਿਸ ਜਾਰੀ ਕਰਕੇ ਹੇਠ ਟੇਬਲ ਵਿਚ ਦਰਸਾਏ ਕ੍ਰਮਵਾਰ ਕਰਜ਼ਦਾਰ/ਾਂ ਨੂੰ ਟੇਬਲ ਵਿਚ ਦਰਸਾਈ ਰਕਮ ਉਕਤ ਨੋਟਿਸ(ਾਂ) ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਕਿਹਾ ਗਿਆ ਹੈ। ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ, ਕਰਜ਼ਦਾਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ ਸੈਕਸ਼ਨ (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈਆਂ ਜ਼ਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ। **ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਸਰਫਾਇਸੀ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।**

ਖ਼ਾਸ ਤੌਰ ’ਤੇ ਕਰਜ਼ਦਾਰ ਅਤੇ ਗਰੰਟਰਾਂ ਨੂੰ ਅਤੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਰਿਲਾਇੰਸ ਐਸਟਸ ਰੀਕੰਸਟਰਕਸ਼ਨ ਕੰਪਨੀ ਲਿਮਿਟਿਡ ਨੂੰ ਰਕਮ ਅਤੇ ਇਸ ’ਤੇ ਵਿਆਜ ਦੀ ਅਦਾਇਗੀ ਦਾ ਵਿਸ਼ਾ ਹੈ।

ਕਰਜ਼ਦਾਰ ਅਤੇ ਗਰੰਟਰਜ਼ ਦਾ ਨਾਂ	ਜਾਇਦਾਦ ਦਾ ਵੇਰਵਾ	ਕਬਜ਼ਾ ਨੋਟਿਸ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ	ਡਿਮਾਂਡ ਨੋਟਿਸ ਦੀ ਮਿਤੀ ਨੂੰ ਬਕਾਇਆ ਰਕਮ
ਜਗਦੀਸ਼ ਲਾਲ, ਰਜਨੇਸ਼ ਕੌਰ, ਯਸ਼ਪ੍ਰੀਤ ਸਿੰਘ	ਜ਼ਮੀਨ (ਪਲਾਟ) ਮਿਣਤੀ 5 ਮਰਲੇ ਖਾਤਾ ਨੰ.41/56 42/57 ਖਸਰਾ ਨੰ. 1059/3 (6-16), 1061/2(1-13), ਸਥਿਤ ਹੈ ਪਿੰਡ ਸੰਗਵਾਲ ਜਲੰਧਰ ਵਿੱਚ ਜਗਦੀਸ਼ ਲਾਲ ਪੁੱਤਰ ਗੁਰਮੀਤ ਰਾਮ ਵਾਸੀ ਮਕਾਨ ਨੰ. 42 ਪਿੰਡ ਸੰਗਵਾਲ ਕਿਸ਼ਨਗੜ੍ਹ ਜਲੰਧਰ-144301 ਦੇ ਨਾਂ, ਸੇਲ ਡੀਡ ਨੰ. 2020-21/1/1/522, ਮਿਤੀ 14 ਅਕਤੂਬਰ 2020 ਐਸਆਰ ਜਲੰਧਰ, ਹੱਦਾਂ ਪੂਰਬ: ਮਾਲਕ, ਪੱਛਮ: ਉਂਕਾਰ ਸਿੰਘ, ਉਤਰ: ਰਸਤਾ, ਦੱਖਣ: ਮਹਿੰਦਰ ਸਿੰਘ।	22.08.2025	5.08.2024	Rs.3,61,638/-
ਵਿਸ਼ਾਲ ਸਿੰਘ, ਲੱਛਮੀ ਦੇਵੀ, ਸੁਰੇਂਦਰਾ ਬਚਵਾਨ, ਸ਼ਿਲਪਾ, ਰਾਹੁਲ ਸਿੰਘ ਬਚਵਾਨ, ਸੁਖਵਿੰਦਰ ਸਿੰਘ	ਜਾਇਦਾਦ ਮਿਣਤੀ 50 ਵ.ਗਜ਼ ਵਿੱਚ ਸ਼ਾਮਲ ਖਸਰਾ ਨੰ.36//5/2-6-7-37// 1-2-7/2-3/1-8-9-10, ਖਾਤਾ ਨੰ. 231/245-232/246-233/247 ਸਾਲ 2003-04 ਲਈ ਜਮਾਂਬੰਦੀ ਅਨੁਸਾਰ ਸਥਿਤ ਹੈ ਭਾਮੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਸੇਲ ਡੀਡ ਨੰ. 1143 ਮਿਤੀ 23.04.2007 ਵਿੱਚ ਸ਼੍ਰੀਮਤੀ ਲਕਸ਼ਮੀ ਦੇਵੀ ਪਤਨੀ ਸੁਰਿੰਦਰ ਬਚਵਾਨ ਵਾਸੀ ਪਿੰਡ ਕਿਰਖੂ, ਜ਼ਿਲ੍ਹਾ ਪੌੜੀ ਗੜਵਾਲ ਐਸਆਰ ਲੁਧਿਆਣਾ (ਪੂਰਬੀ) ਦੇ ਨਾਂ, ਹੱਦਾਂ ਪੂਰਬ: ਯੁਵਰਾਜ, ਪੱਛਮ: ਮਾਲਕ, ਉਤਰ: ਗੁਆਂਢੀ, ਦੱਖਣ: ਗਲੀ।	22.08.2025	5.08.2024	Rs.4,38,643/-
ਗੁਰਦਾਸ ਸਿੰਘ, ਕਰਮਜੀਤ ਕੌਰ, ਗੁਰਦੀਪ ਸਿੰਘ, ਇੰਦਰਜੀਤ ਸਿੰਘ, ਜਸਵਿੰਦਰ ਕੌਰ	ਜ਼ਮੀਨ (ਰਿਹਾਇਸ਼ੀ) ਪਲਾਟ ਮਿਣਤੀ 1 ਕਨਾਲ 10 ਮਰਲੇ, 30/160 ਹਿੱਸਾ 8 ਕਨਾਲ ਦਾ, ਵਿੱਚ ਸ਼ਾਮਲ ਖੇਵਟ ਨੰ. 229, ਖਤੌਨੀ ਨੰ. 448, ਖਸਰਾ ਨੰ. 13//22(8-0) ਜਮਾਂਬੰਦੀ ਸਾਲ 2020-21 ਅਨੁਸਾਰ ਸਥਿਤ ਹੈ ਪਿੰਡ ਬੁਰਜ ਹਮੀਰਾ, ਐਚ.ਬੀ. ਨੰ. 146 ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ, ਸ਼੍ਰੀਮਤੀ ਗੁਰਮੀਤ ਕੌਰ ਪਤਨੀ ਅਮ੍ਰਿਤਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬੁਰਜ ਹਮੀਰਾ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਹੱਕ ਵਿੱਚ, ਸੇਲ ਡੀਡ ਵਾਸਿਲ ਨੰ. 2022-23/134/1/938 ਮਿਤੀ 21-21-2022 ਐਸਆਰ ਨਿਹਾਲ ਸਿੰਘ ਵਾਲਾ, ਹੱਦਾਂ ਪੂਰਬ: ਜਰਨੈਲ ਸਿੰਘ, ਪੱਛਮ: ਰਸਤਾ, ਉਤਰ: ਖੇਤ, ਦੱਖਣ: ਰਸਤਾ।	22.08.2025	5.08.2024	Rs.5,54,950/-
ਅਵਤਾਰ ਸਿੰਘ, ਹਰਦੇਵ ਸਿੰਘ, ਕਰਮਜੀਤ ਕੌਰ, ਗੁਰਦੀਪ ਸਿੰਘ, ਇਮਰਾਨ	ਜਾਇਦਾਦ ਮਿਣਤੀ 5 ਵਿਸਵੇ 1/4 ਹਿੱਸਾ ਵਿੱਚੋਂ 1-10 ਬਿੱਘੇ ਵਿੱਚ ਸ਼ਾਮਲ ਹੈ ਖਾਤਾ ਨੰ. 34/53, ਖਸਰਾ ਨੰ. 2702/486/1/1-0 ਸਾਲ 1992-1993 ਵਿੱਚ ਦਰਸਾਈ ਜਮਾਂਬੰਦੀ ਅਨੁਸਾਰ ਸਥਿਤ ਹੈ ਪਿੰਡ ਖੁਰਦ, ਤਹਿਸੀਲ ਅਤੇ ਜ਼ਿਲ੍ਹਾ ਮਲੇਰਕੋਟਲਾ, ਸੇਲ ਡੀਡ ਨੰ. 2558 ਮਿਤੀ 27.01.1999, ਐਸਆਰ ਮਲੇਰਕੋਟਲਾ, ਜਾਇਦਾਦ ਦੀਆਂ ਹੱਦਾਂ: ਪੂਰਬ: ਚਰਨਜੀਤ ਸਿੰਘ, ਪੱਛਮ: ਰਸਤਾ, ਉਤਰ: ਕੰਗਨ ਖਾਨ, ਦੱਖਣ: ਸਰਬਜੀਤ ਸਿੰਘ।	22.08.2025	5.08.2024	Rs.5,77,168/-
ਰੂਹੀ ਪ੍ਰਵੀਨ, ਮੁਹੰਮਦ ਜਾਵੇਦ ਅਲੀ, ਅਨਵਰ ਅਲੀ, ਅਨਿਲ	ਜ਼ਮੀਨ (ਰਿਹਾਇਸ਼ੀ) ਪਲਾਟ ਮਿਣਤੀ 125 ਵ. ਗਜ਼ ਵਿੱਚ ਸ਼ਾਮਲ ਹੈ ਖਸਰਾ ਨੰ. 135, 136, ਖਾਤਾ ਨੰ. 20/25, ਸਾਲ 2009-10 ਲਈ ਜਮਾਂਬੰਦੀ ਅਨੁਸਾਰ, ਸਥਿਤ ਹੈ ਪਿੰਡ ਮੁੰਡੀਆਂ ਕਲਾਂ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਐਚ.ਬੀ. ਨੰ. 179, ਰੂਹੀ ਪ੍ਰਵੀਨ ਪਤਨੀ ਮੁਹੰਮਦ ਜਾਵੇਦ ਅਲੀ ਵਾਸੀ ਜੈ ਗੁਰਦੇਵ ਨਗਰ, ਉਮਕਾਰ ਇਨਕਲੇਵ, ਮੁੰਡੀਆਂ ਕਲਾਂ, ਲੁਧਿਆਣਾ ਦੇ ਨਾਂ, ਇਕਰਾਰਨਾਮਾ ਮਿਤੀ 07.11.2022, ਜਾਇਦਾਦ ਦੀਆਂ ਹੱਦਾਂ: ਪੂਰਬ: ਗਲੀ, ਪੱਛਮ: ਕਵਿਤਾ, ਉਤਰ: ਗਲੀ, ਦੱਖਣ: ਮਾਲਕ।	22.08.2025	5.08.2024	Rs.10,49,029/-

ਮਿਤੀ : 27.08.2025, ਸਥਾਨ : ਜਲੰਧਰ — ਅਧਿਕਾਰਤ ਅਫ਼ਸਰ

RBL BANK — ਆਰਬੀਐਲ ਬੈਂਕ ਲਿਮਟਿਡ

ਪ੍ਰਸ਼ਾਸਨਿਕ ਦਫਤਰ : ਪਹਿਲੀ ਲੇਨ, ਸ਼ਾਹੂਪੁਰੀ, ਕੋਲਹਾਪੁਰ-416001
ਬ੍ਰਾਂਚ ਦਫਤਰ : ਜਾਇਦਾਦ ਨੰ. 1, ਪਹਿਲੀ ਮੰਜ਼ਿਲ, ਸਾਹਮਣੇ ਮੋਦੀ ਮਿਲਜ਼, ਓਖਲਾ ਫੇਜ਼-3, ਨਵੀਂ ਦਿੱਲੀ 110020

ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਨੋਟਿਸ ਦੀ ਪ੍ਰਕਾਸ਼ਨਾ

ਹੇਠਾਂ ਲਿਖੇ ਸਾਰੇ ਕਰਜ਼ਦਾਰ(ਾਂ)/ਗਰੰਟਰ(ਾਂ)/ਗਿਰਵੀਕਾਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਵੱਲੋਂ ਖਾਤੇ ਵਿਰੁੱਧ ਜਾਰੀ ਕੀਤੀ ਗਈ ਕ੍ਰੈਡਿਟ/ਲੋਨ ਦੀ ਸੁਵਿਧਾ ਦੇ ਅਸਲ ਅਤੇ ਵਿਆਜ਼ ਦੀ ਅਦਾਇਗੀ ਨਾ ਹੋਣ ਕਰਕੇ ਸਹਾਇਤਾ/ਕਰਜ਼ਾ ਨਾਨ-ਪ੍ਰਫਾਰਮਿੰਗ ਐਸੇਟਸ (ਐਨ.ਪੀ.ਏ.) ਬਣ ਚੁੱਕਾ ਹੈ। ਬੈਂਕ ਵਲੋਂ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ 2002 (ਸਰਫਾਇਸੀ ਐਕਟ) ਦੇ ਸੈਕਸ਼ਨ 13(2) ਅਧੀਨ ਤੁਹਾਡੇ ਆਖਰੀ ਪਤੇ ’ਤੇ ਭੇਜਿਆ ਗਿਆ।

ਲੜੀ ਨੰ:	ਕਰਜ਼ਦਾਰ, ਸਹਿ ਕਰਜ਼ਦਾਰ/ ਗਰੰਟਰਾਂ/ਗਿਰਵੀਕਾਰ ਦਾ ਨਾਮ ਤੇ ਪਤਾ	ਲੋਨ ਖਾਤਾ ਨੰ: ਅਤੇ ਲੋਨ ਰਕਮ	ਜਾਇਦਾਦ ਦੇ ਵੇਰਵੇ/ਕਬਜ਼ੇ ਵਿਚ ਸਕਿਓਰਡ ਅਸਾਮੀਆਂ ਦਾ ਪਤਾ	ਨੋਟਿਸ ਦੀ ਮਿਤੀ	ਬਕਾਇਆ ਰਕਮ (ਰੁ ’ਚ)
1	ਕਰਨ ਸਿੰਘ ਪੁੱਤਰ ਦਲੀਪ ਸਿੰਘ ਜੀ-ਵਨ ਹੋਟਲ, ਮਦਨ ਫਲੋਰ ਮਿੱਲ ਚੌਕ, ਜਲੰਧਰ, ਪੰਜਾਬ 144001, ਇੱਥੇ ਵੀ : ਗੁਭਾਰ ਕੱਕੜ (63/29) ਹਮੀਰਪੁਰ, ਹਿਮਾਚਲ ਪ੍ਰਦੇਸ਼-177028 ਇੱਥੇ ਵੀ : ਮਕਾਨ ਨੰ 394, ਗਲੀ ਨੰ. 05, ਗੁਰੂ ਨਾਨਕਪੁਰਾ ਵੈਸਟ, ਜਲੰਧਰ 144001	809005005993	ਮਕਾਨ ਨੰ 144 ਅਤੇ ਮਕਾਨ ਮਿਣਤੀ 04 ਮਰਲਾ 114 ਵ. ਫੁੱਟ ਜੋ ਸ਼ਾਮਲ ਹੈ ਵਿਚ ਖਸਰਾ ਨੰ. 19//3/3,4/2, 7, 8, 13/1, 14/1, 15/1/1, 16/4, 16/1, 16/2,20//6/2, 7/2, 13, 14, 15/1, 16/2, 17, 19/23/2, 24,25, 20//19/2/1, 19//2/2, 20, 21, 22/1, 22/2, 24,27//1/1, 28//3/3, 4, 5, 6/1/1, 26, 179/1, 20//9/1,12, 19/1, ਸੇਲ ਡੀਡ ਨੰ. 2023-24/1861/6086, ਮਿਤੀ 08 ਅਗਸਤ 2023 ਨੂੰ ਸੀਮਾ ਦੇਵੀ ਦੇ ਪੱਖ ਵਿਚ ਸਥਿਤ ਹੈ ਬਸੰਤ ਹਿੱਲਜ਼ ਪਿੰਡ ਚੋਹਕ ਤਹਿਸੀਲ ਤੇ ਜ਼ਿਲਾ ਜਲੰਧਰ ਵਿਖੇ ਜਿਸ ਦੀਆਂ ਹੱਦਾਂ : ਪੂਰਬ : ਰੋਡ, ਪੱਛਮ : ਰੋਡ, ਉਤਰ : ਮਕਾਨ ਨੰ. 145, ਦੱਖਣ : ਰੈਵੀਨਿਊ ਰਸਤਾ/11’	22.08.2025	ਰੁ. 33,81,828.11/- (ਤੇਤੀ ਲੱਖ ਇਕਾਸੀ ਹਜ਼ਾਰ ਅੱਠ ਸੌ ਅਠਾਈ ਰੁ. ਗਿਆਰਾਂ ਪੈਸੇ ਸਿਰਫ਼) ਸਮੇਤ ਕੰਟਰੈਕਚੁਅਲ ਦਰ ’ਤੇ ਵਿਆਜ਼ (ਪੂਰੀ ਅਦਾਇਗੀ ਹੋਣ ਤੱਕ) ਅਤੇ ਇਸ ’ਤੇ ਇਤਫਾਕੀਆ ਖਰਚੇ
2	ਸੀਮਾ ਦੇਵੀ ਪਤਨੀ ਕਰਨ ਸਿੰਘ, ਮਕਾਨ ਨੰ 394, ਗਲੀ ਨੰ. 05, ਗੁਰੂ ਨਾਨਕਪੁਰਾ, ਜਲੰਧਰ 144009, ਇੱਥੇ ਵੀ : ਗੁਭਾਰ ਕੱਕੜ (63/29) ਹਮੀਰਪੁਰ, ਹਿਮਾਚਲ ਪ੍ਰਦੇਸ਼-177028, ਇੱਥੇ ਵੀ : ਜੀ-ਵਨ ਹੋਟਲ, ਮਦਨ ਫਲੋਰ ਮਿੱਲ ਚੌਕ, ਜਲੰਧਰ, ਪੰਜਾਬ 144001, ਇੱਥੇ ਵੀ : ਮਕਾਨ ਨੰ. 144, ਖਸਰਾ ਨੰ. 19//3, 3/4/2, ਬਸੰਤ ਹਿੱਲਜ਼ ਪਿੰਡ ਚੋਹਕ ਜਲੰਧਰ, ਪੰਜਾਬ 144007				

ਜੇਕਰ ਉਪਰ ਦੱਸੇ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ/ਗਿਰਵੀਕਾਰਾਂ (ਜਿਵੇਂ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾਂ ਤੋਂ 60 ਦਿਨਾਂ ਦੇ ਅੰਦਰ ਅੰਦਰ ਸਾਰੀ ਬਕਾਇਆ ਰਕਮ ਅਦਾ ਕਰਨ ਲਈ ਕਿਹਾ ਜਾਂਦਾ ਹੈ, ਇਸ ਤੋਂ ਅਸਫ਼ਲ ਰਹਿਣੇ ਤੇ ਬੈਂਕ ਸਰਫਾਇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਗਲੀ ਕਾਰਵਾਈ ਕਰੇਗਾ।

ਕਿਰਪਾ ਕਰਕੇ ਯਾਦ ਰੱਖੋ ਕਿ ਇਹ ਪ੍ਰਕਾਸ਼ਨ ਅਜਿਹੇ ਅਧਿਕਾਰਾਂ ਅਤੇ ਉਪਚਾਰਾਂ ਪ੍ਰਤੀ ਪੱਖਪਾਤ ਕੀਤੇ ਬਿਨਾਂ ਕੀਤਾ ਗਿਆ ਹੈ ਜਿਵੇਂ ਕਿ ਕਾਨੂੰਨ ਅਧੀਨ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਦੇ ਵਿਰੁੱਧ ਬੈਂਕ ਕੋਲ ਉਪਲਬਧ ਹਨ। ਤੁਹਾਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਸੈਕਸ਼ਨ 13(13) ਦੀਆਂ ਸ਼ਰਤਾਂ ਅਨੁਸਾਰ ਨੋਟਿਸ ’ਤੇ ਪਾਇਆ ਜਾਂਦਾ ਹੈ ਕਿ ਤੁਸੀਂ ਦੱਸੇ ਗਏ ਸਕਿਓਰਡ ਐਸੇਟ ਨੂੰ ਬਿਨਾਂ ਸਾਡੀ ਅਗਾਊਂ ਲਿਖਤੀ ਇਜਾਜ਼ਤ ਦੇ ਵਿਕਰੀ, ਕਿਰਾਏ ਜਾਂ ਕਿਸੇ ਹੋਰ ਤਰ੍ਹਾਂ ਤਬਦੀਲ ਨਹੀਂ ਕਰ ਸਕਦੇ।

ਸਥਾਨ : ਜਲੰਧਰ, ਮਿਤੀ : 28-08-2025 — ਅਧਿਕਾਰਤ ਅਫ਼ਸਰ, ਆਰਬੀਐਲ ਬੈਂਕ ਲਿਮ.

MODERN STEELS LIMITED

CIN: L27109PB1973PLC003358
Corporate Office: SCO 98-99, Sub City Centre, Sector 34, Chandigarh-160022
Registered Office : G.T. Road, Mandi Gobindgarh (Punjab)-147301
Tel.: 0172-2609001/2; Email: secretarial@modernsteels.com
Website: www.modernsteels.com

NOTICE

SPECIAL WINDOW FOR RE-LODGEMENT OF TRANSFER REQUESTS OF PHYSICAL SHARES

In accordance with SEBI Circular No. SEBI/HO/MIRSD/MIRSD-POD/P/CIR/2025/97 dated July 2, 2025, Shareholders of Modern Steels Limited are hereby informed that a special window has been opened from July 7, 2025 to January 6, 2026 for re-lodgement of transfer deeds. This special window for re-lodgement of transfer deeds is available to only those Shareholders whose transfer deeds were lodged prior to April 1, 2019 for transfer of physical shares and rejected/returned due to deficiency in documents.

Shareholders who wish to avail the opportunity are requested to submit the original transfer documents, after rectifying the deficiencies raised, to the Company's Registrar and Transfer Agent, M/s. MCS Share Transfer Agent Limited, Unit: Modern Steels Limited, 179-180, DSIDC Shed, 3rd Floor, Okhla Industrial Area, Phase–1, New Delhi-110020, Email- helpdeskdelhi@mcsregistrars.com, helpdeskreply@mcsregistrars.com

The shares that are re-lodged for transfer shall be issued only in demat form.

Place: Chandigarh
Dated: August 28, 2025

For Modern Steels Limited
Sd/-
Ananya Modi
Company Secretary and Compliance Officer

FEDERAL BANK

YOUR PERFECT BANKING PARTNER

NOTICE FOR PRIVATE SALE OF GOLD

Notice is hereby given for the information of all concerned that Gold ornaments pledged in the following Gold loan accounts, with the under mentioned branches of the Bank, which are overdue for redemption and which have not been regularized so far in spite of repeated notices , will be put for sale in the branches on or after 12.09.2025 as shown below.

Branch/Venue : The Federal Bank Ltd | Golden Sunrise Towers, The mall, Ferozepur City, Ferozepur-152002

Account Number	Customer Name	Account Number	Customer Name
20616400149174	Surjit Singh	20616400177597	Amanjit Singh
20616400166624	Komalpreet Kaur	20616400150248	Ajaib Singh
20616400167879	Ginder .		

Branch/Venue : The federal bank ltd//nakodar//Vishal Tower, Noormahal Road, Nakodar, Jalandhar Dist, Punjab, Jalandhar, Punjab, 144040

Account Number	Customer Name	Account Number	Customer Name
20596400007046	Sukhjinder Kaur	20596400012079	Tirath Singh

Manager

pnb Housing Finance Limited — Ghar Ki Baat

ਅਪੈਂਡਿਕਸ IV-A ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਅਸੈੱਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫ਼ਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com
ਲੁਧਿਆਣਾ ਬਰਾਂਚ : BXIX, 262/1, ਪਹਿਲੀ ਮੰਜ਼ਿਲ, ਡਾ. ਸ਼ਾਮ ਸਿੰਘ ਰੋਡ, ਫਿਰੋਜ਼ਪੁਰ ਰੋਡ, ਸਾਹਮਣੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ 141001, ਚੰਡੀਗੜ੍ਹ ਬਰਾਂਚ : ਐਸਸੀਓ 323-324, ਦੂਜੀ ਮੰਜ਼ਿਲ, ਸੈਕਟਰ 35-ਬੀ, ਚੰਡੀਗੜ੍ਹ-160022, ਇੱਥੇ ਵੀ : ਦੂਜੀ ਮੰਜ਼ਿਲ, ਐਸਸੀਓ 9 ਅਤੇ 10, ਸੈਕਟਰ 66 ਏ, ਜੇਐਲਪੀਐਲ, ਮੋਹਾਲੀ, ਪੰਜਾਬ 140306, ਜਲੰਧਰ ਬਰਾਂਚ : ਬਰਾਂਚ ਦਫ਼ਤਰ : ਐਸਸੀਓ 44, ਪਹਿਲੀ ਮੰਜ਼ਿਲ, ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ

ਆਮ ਜਨਤਾ ਅਤੇ ਖਾਸ ਤੌਰ ’ਤੇ ਕਾਲਮ ‘ਏ’ ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ ‘ਡੀ’ ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਿਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜ਼ਡ ਜਾਇਦਾਦਾਂ ਦਾਂ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ ‘ਜਿਵੇਂ ਹੈ, ਜੋ ਹੈ ਜਿਥੇ ਹੈ’ ਅਤੇ ਜੋ ਵੀ ਉੱਥੇ ਹੈ ਦੇ’ ਅਧਾਰ ’ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ ‘ਏ’ ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਉਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੱਦੇ ਗਏ ਹਨ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਿਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ(ਾਂ)/ਕਾਨੂੰਨੀ ਵਾਰਸਾਂ ਦਾ ਨਾਮ (A)	ਕੁੱਲ ਬਕਾਇਆ ਰਕਮ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
00046700002911, ਬਰਾਂਚ ਦਫ਼ਤਰ : ਲੁਧਿਆਣਾ, ਨੇਹਾ ਬੇਰੀ/ਵਿਨੀਤ ਬੇਰੀ ਪੁੱਤਰ ਨਰਿੰਦਰ ਕੁਮਾਰ (ਸਹਿ ਕਰਜ਼ਦਾਰ), ਨੀਤਿਕਾ ਬੇਰੀ (ਸਹਿ ਕਰਜ਼ਦਾਰ), ਸ੍ਰੀ ਗਗਨ ਕਪਿਲਾ ਪੁੱਤਰ ਰਾਮ ਨਾਥ ਕਪਿਲਾ (ਗਰੰਟਰ) ਅਤੇ ਸ੍ਰੀ ਸੋਹਨ ਸਿੰਘ ਪੁੱਤਰ ਅਮਰ ਸਿੰਘ (ਗਰੰਟਰ)	ਰੁ. 1335826.28/- 23.04.2016 ਨੂੰ	ਭੌਤਿਕ ਕਬਜ਼ਾ	ਜਾਇਦਾਦ ਮਿਣਤੀ 339.5 ਵ. ਗਜ਼ ਜੋ ਸ਼ਾਮਲ ਹੈ ਵਿਚ ਖੇਵਟ ਨੰ. 1935/1, ਖਤੌਨੀ ਨੰ. 2272, ਖਸਰਾ ਨੰ. 5312/2715/663, ਸਥਿਤ ਹੈ ਮੈਸ. ਅਪਸਰਾ ਓਵਰਸੀਜ਼, ਗਲੀ ਨੰ. 1/4, ਅਪਸਰਾ ਹਾਊਸ, ਚੰਦਰ ਨਗਰ ਸਿਵਲ ਲਾਈਨਜ਼, ਲੁਧਿਆਣਾ ਵਿਖੇ, ਸੇਲ ਡੀਡ ਨੰ. 10461 ਤਹਿਤ ਮਿਤੀ 09.12.2022 ਨੂੰ ਅਤੇ ਸੇਲ ਡੀਡ ਨੰ 8338 ਮਿਤੀ 23.06.1989 ਨੂੰ	ਰੁ. 5726000	ਰੁ. 572600	11-09-2025	ਰੁ. 20000	04.09.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	12.09.2025 ਨੂੰ ਬਾ.ਦੁ. 02.00 ਤੋਂ 3.00 ਵਜੇ	ਪਤਾ ਨਹੀਂ
NHL/CHD/0217/355957, ਬਰਾਂਚ ਦਫ਼ਤਰ : ਚੰਡੀਗੜ੍ਹ ਭਗਵੰਤ ਸਿੰਘ/ਸ੍ਰੀਮਤੀ ਜਸਬੀਰ ਕੌਰ ਪਤਨੀ ਜਗਤਾਰ ਸਿੰਘ (ਕਰਜ਼ਦਾਰ), ਸ੍ਰੀ ਮਨਪ੍ਰੀਤ ਸਿੰਘ ਪੁੱਤਰ ਸ੍ਰੀ ਜਗਤਾਰ ਸਿੰਘ (ਕਰਜ਼ਦਾਰ), ਅਨੰਤਭਵ ਡਿਜ਼ਾਈਨ ਪ੍ਰਾ. ਲਿਮ. (ਰਾਹੀਂ ਇਸ ਦੇ ਡਾਇਰੈਕਟਰ) (ਕਰਜ਼ਦਾਰ)	ਰੁ. 3046430.34 28.06.2023 ਨੂੰ	ਭੌਤਿਕ ਕਬਜ਼ਾ	ਦਫ਼ਤਰ ਨੰ. 473, ਚੌਥੀ ਮੰਜ਼ਿਲ, ਬਲਾਕ ਨੰ. ਡੀ ਅਤੇ ਈ ਚੰਡੀਗੜ੍ਹ ਸਿਟੀ ਸੈਂਟਰ, ਵੀਆਈਪੀ ਰੋਡ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਐਸਏਐਸ ਨਗਰ, ਪੰਜਾਬ 140603	ਰੁ. 2844000	ਰੁ. 284400	11-09-2025	ਰੁ. 10000	04.09.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	12.09.2025 ਨੂੰ ਬਾ.ਦੁ. 02.00 ਤੋਂ 3.00 ਵਜੇ	ਉਪਭੋਗਤਾ ਕੇਸ ਵਿਚ ਬਿਲਡਰ CS/108/2023 DCDRC SAS Nagar ਦੇ ਵਿਰੁਧ ਕਰਜ਼ਦਾਰ ਦੇ ਪੱਖ ਵਿਚ ਫੈਸਲਾ ਦਿੱਤਾ ਗਿਆ ਹੈ ਅਤੇ ਬਿਲਡਰ ਦਾ ਬਕਾਇਆ ਹੋ ਸਕਦਾ ਹੈ
46700003459, ਬਰਾਂਚ ਦਫ਼ਤਰ : ਲੁਧਿਆਣਾ ਗੁਰਮੀਤ ਸਿੰਘ/ਮਨਿੰਦਰ ਕੌਰ	ਰੁ. 1652228.22 09.03.2017 ਨੂੰ	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਨੰ .ਬੀ-34-8575/ਏ, ਮਿਣਤੀ 200 ਵ .ਗਜ਼ (167.225 ਵ.ਮੀ. ਲਗਭਗ) ਜੋ ਸ਼ਾਮਲ ਹੈ ਵਿਚ ਖਸਰਾ ਨੰ. 4//11, ਖਾਤਾ ਨੰ. 2269/2480, ਜਮਾਂਬੰਦੀ ਸਾਲ 2006-2007 ਅਨੁਸਾਰ ਸਥਿਤ ਹੈ ਪਿੰਡ ਹੈਬੋਵਾਲ ਕਲਾਂ ਜੋ ਜਾਣਿਆ ਜਾਂਦਾ ਹੈ ਸੰਤ ਨਗਰ ਵਜੋਂ, ਨੇੜੇ ਏਕਤਾ ਵਿਹਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ ਸੇਲ ਡੀਡ ਨੰ. 766 ਮਿਤੀ 18.04.2012 ਨੂੰ	ਰੁ. 2857000	ਰੁ. 285700	11-09-2025	ਰੁ. 10000	04.09.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	12.09.2025 ਨੂੰ ਬਾ.ਦੁ. 02.00 ਤੋਂ 3.00 ਵਜੇ	ਪਤਾ ਨਹੀਂ
NHL/JAL/0218/496883, ਬਰਾਂਚ ਦਫ਼ਤਰ : ਜਲੰਧਰ, ਅਸ਼ੀਸ਼ ਸ਼ਰਮਾ/ ਦਵਾਰਕਾ ਦਾਸ ਸ਼ਰਮਾ ਅਤੇ ਰਜਨੀ ਬਾਲਾ	ਰੁ. 2109657.29 09.03.2023 ਨੂੰ	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਮਕਾਨ ਨੰ. 245, ਨੇੜੇ ਮਾਤਾ ਮੰਦਰ, ਸ਼ੇਖੂਪੁਰ ਕਾਲੋਨੀ ਪਿੰਡ ਸ਼ੇਖੂਪੁਰ, ਜ਼ਿਲ੍ਹਾ ਕਪੂਰਥਲਾ, ਪੰਜਾਬ 144260	ਰੁ. 2393000	ਰੁ. 239300	11-09-2025	ਰੁ. 10000	04.09.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	12.09.2025 ਨੂੰ ਬਾ.ਦੁ. 02.00 ਤੋਂ 3.00 ਵਜੇ	ਪਤਾ ਨਹੀਂ
HOU/JAL/1018/588120, ਬਰਾਂਚ ਦਫ਼ਤਰ : ਜਲੰਧਰ ਸ੍ਰੀਮਤੀ ਜਯੋਤਿਕਾ/ਸ੍ਰੀ ਅਸ਼ਵਨੀ ਕੁਮਾਰ ਸ੍ਰੀਵਾਸਤਵ	ਰੁ. 1796522.91/- 14.08.2024 ਨੂੰ	ਭੌਤਿਕ ਕਬਜ਼ਾ	ਮਕਾਨ ਨੰ. 26, ਗਲੀ ਨੰ. 2, ਅਬਾਦੀ ਨਿਊ ਗੁਰੂ ਨਾਨਕ ਨਗਰ, ਪਿੰਡ ਨਾਗਰਾ, ਜਲੰਧਰ, ਪੰਜਾਬ-144037, ਜਮਾਂਬੰਦੀ ਸਾਲ 2012-13 ਲਈ, ਹੱਦਬਸਤ ਨੰ. 158, ਖਾਤਾ ਨੰ. 143/201 ਤੋਂ 205, 144/206 ਤੋਂ 209, ਖਸਰਾ ਨੰ. 753/560/1, 764/560/2 ਮਿਨ, 940/569, 765/569, 785/560/2, 764/560/2 ਮਿਨ, 942/569, 776/560/2, 766/560/2, 766/570 ਮਿਨ, 941/570, 943/570, 786/569, 787/570, 766/570, 766/570 ਮਿਨ, ਟਾਈਟਲ ਡੀਡ ਦਸਤਾਵੇਜ਼ ਨੰ. 2018-19/187/1/2261 ਮਿਤੀ 09.11.2018 ਨੂੰ, ਸ੍ਰੀਮਤੀ ਜਯੋਤਿਕਾ ਦੇ ਨਾਂ ’ਤੇ, ਹੱਦਾਂ ਇਸ ਤਰ੍ਹਾਂ : ਪੂਰਬ : ਗਲੀ, ਪੱਛਮ : ਪ੍ਰਕਾਸ਼ ਸਿੰਘ, ਉਤਰ : ਮਕਾਨ ਨੰ. 25 ਹਰਪਿੰਦਰ ਸਿੰਘ, ਦੱਖਣ : ਮਕਾਨ ਨੰ. 27, ਹਰਪਿੰਦਰ ਸਿੰਘ	ਰੁ. 1420000	ਰੁ. 142000	11-09-2025	ਰੁ. 10000	04.09.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	12.09.2025 ਨੂੰ ਬਾ.ਦੁ. 02.00 ਤੋਂ 3.00 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ ’ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਿਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ ‘ਕੇ’ ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।
1. ਮਿਤੀ ਅਨੁਸਾਰ, ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ ਅਤੇ ਸਟੇਟਸ ਕਾਲਮ ਨੰ.-ਕੇ ਵਿਚ ਦਰਸਾਇਆ ਗਿਆ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਦਿਲਚਸਪੀ ਰੱਖਣ ਵਾਲੇ ਤੌਰ ’ਤੇ ਕਾਰਵਾਈ/ਪਾਸ ਹੁਕਮਆਦਿ ਵਿਚ ਜੇ ਕੋਈ ਹੋ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ ‘ਕੇ’ ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ ’ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ ’ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿੱਛੋਂ ਸਕਿਉਰਡ ਕ੍ਰੈਡੀਟਰ ਵੱਲੋਂ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਿਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਕਿਸ਼ੋਰ ਕੁਮਾਰ, ਸੰਪਰਕ ਨੰਬਰ: 7428193765/8884888331/9517532720, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਜਲੰਧਰ, ਮਿਤੀ : 28.08.2025 — ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਿਟਿਡ